ਪਿੰਡ ਮੌੜਾਂ ਅਤੇ ਉੱਗੋਕੇ ਦਰਮਿਆਨ ਬਣ ਰਹੇ ਨਹਿਰੀ ਖਾਲ ਵਿਚ ਲੱਗ ਰਹੇ ਘਟੀਆ ਮਟੀਰੀਅਲ ਕਾਰਨ ਕਿਸਾਨਾਂ ਨੇ ਕੰਮ ਕਰਵਾਇਆ ਬੰਦ

ਘਟੀਆ ਮਟੀਰੀਅਲ ਨਾਲ ਬਣਿਆ ਖਾਲ ਦੁਬਾਰਾ ਬਣਵਾਇਆ ਜਾਵੇਗਾ-ਐਕਸੀਅਨ ਬਲਜੀਤ ਸਿੰਘ

ਸ਼ਹਿਣਾ, 19 ਅਕਤੂਬਰ (ਸੁਰੇਸ਼ ਗੋਗੀ)-ਪਿੰਡ ਉੱਗੋਕੇ ਅਤੇ ਮੌੜਾਂ ਵਿਚਕਾਰ ਬਣੇ ਰਹੇ ਨਵੇਂ ਨਹਿਰੀ ਖਾਲ ਵਿਚ ਲੱਗ ਰਹੇ ਘਟੀਆ ਮਟੀਰੀਅਲ ਕਾਰਨ ਖਾਲ ਨਿਗਰਾਨ ਲਈ ਬਣੀ 21 ਮੈਂਬਰੀ ਕਮੇਟੀ ਅਤੇ ਕਿਸਾਨਾਂ ਨੇ ਰੋਸ ਜ਼ਾਹਿਰ ਕਰਦਿਆਂ ਚੱਲਦਾ ਕੰਮ ਬੰਦ ਕਰਵਾ ਦਿੱਤਾ। ਖਾਲ ਬਣਾਉਣ ਲਈ ਬਣੀ 21 ਮੈਂਬਰੀ ਨਿਗਰਾਨ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਮਾਨ ਸਾਬਕਾ ਚੇਅਰਮੈਨ, ਬਲਵਿੰਦਰ ਸਿੰਘ ਪਪਨਾ, ਬਲਵੀਰ ਸਿੰਘ, ਸੁਖਵਿੰਦਰ ਸਿੰਘ ਸਾਬਕਾ ਸਰਪੰਚ ਸੰਤਪੁਰਾ, ਲਖਵੀਰ ਸਿੰਘ ਗੋਗਾ, ਹਰਪ੍ਰੀਤ ਸਿੰਘ ਹੈਪੀ, ਸੁਖਜੀਤ ਸਿੰਘ, ਸ਼ਮਸ਼ੇਰ ਸਿੰਘ, ਜਗਰਾਜ ਸਿੰਘ ਤੇ ਅਮਰੀਕ ਸਿੰਘ ਨੇ ਕਿਹਾ ਕਿ ਪਿੰਡ ਭਗਤਪੁਰਾ ਤੋਂ ਸੋਮਾ ਕੰਪਨੀ ਦੇ ਗੁਦਾਮਾਂ ਤੱਕ 9 ਕਿੱਲੋਮੀਟਰ ਲੰਬਾ ਇਹ ਨਹਿਰੀ ਖਾਲ, ਜੋ ਸ਼ਹਿਣਾ ਰਜਵਾਹਾ ਵੱਜਦਾ ਹੈ, ਪਿਛਲੇ ਕਈ ਦਿਨਾਂ ਤੋਂ ਬਣ ਰਿਹਾ ਹੈ। ਖਾਲ ਬਣਾਉਣ ਲਈ ਸਰਕਾਰ ਵਲੋਂ ਜਿੱਥੇ ਇਕ ਨੰਬਰ ਇੱਟ ਅਤੇ 6-1 ਦਾ ਮਸਾਲਾ ਲਾਏ ਜਾਣ ਲਈ ਹਦਾਇਤ ਕੀਤੀ ਹੋਈ ਹੈ, ਉੱਥੇ ਠੇਕੇਦਾਰ ਵਲੋਂ 10-1 ਦਾ ਮਸਾਲਾ ਵਰਤਿਆ ਜਾ ਰਿਹਾ ਹੈ ਅਤੇ ਇੱਟ ਵੀ ਦੋ ਨੰਬਰ ਲਾਈ ਜਾ ਰਹੀ ਹੈ। ਕਿਸਾਨਾਂ ਨੇ ਕਿਹਾ ਕਿ ਖਾਲ ਬਣਾਉਣ ਲਈ ਇੰਨੀਆਂ ਅਣਗਹਿਲੀਆਂ ਕੀਤੀਆਂ ਜਾ ਰਹੀਆਂ ਹਨ, ਕਿ ਸਬੰਧਿਤ ਕਿਸਾਨਾਂ ਵਿਚ ਗੁੱਸਾ ਆਉਣਾ ਸੁਭਾਵਿਕ ਹੈ। ਲਾਈਆਂ ਜਾ ਰਹੀਆਂ ਇੱਟਾਂ ਵਿਚ ਦੋ ਦੋ ਇੰਚੀ ਦਰਜਾਂ ਛੱਡੀਆਂ ਜਾ ਰਹੀਆਂ ਹਨ। ਕਿਸਾਨਾਂ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਤੋਂ ਬਣੇ ਖਾਲ਼ੇ ਦਾ ਮੈਟੀਰੀਅਲ ਵੀ ਸਖ਼ਤ ਨਹੀਂ ਹੋਇਆ, ਕਿਉਂਕਿ ਦੋ ਨੰਬਰ ਦਾ ਮੈਟੀਰੀਅਲ ਲੱਗਿਆ ਹੋਣ ਕਰ ਕੇ ਖਾਲ 'ਤੇ ਲਾਈਆਂ ਗਈਆਂ ਇੱਟਾਂ ਹੱਥ ਲਾਇਆ ਹੀ ਖਿਸਕ ਰਹੀਆਂ ਹਨ। ਕਿਸਾਨਾਂ ਨੇ ਕਿਹਾ ਕਿ ਪਿਛਲੇ 25 ਸਾਲਾਂ ਤੋਂ ਉਕਤ ਖਾਲ ਵਿਚ ਨਹਿਰੀ ਪਾਣੀ ਨਹੀਂ ਆਇਆ ਅਤੇ 25 ਸਾਲਾਂ ਤੋਂ ਹੀ ਖਾਲ ਟੁੱਟਿਆ ਹੋਇਆ ਸੀ। ਕਿਸਾਨਾਂ ਨੇ ਬੜੇ ਯਤਨਾਂ ਸਦਕਾ ਖਾਲ ਬਣਾਉਣ ਲਈ ਚਾਰਾਜੋਈ ਕੀਤੀ, ਪਰ ਕਿਸਾਨਾਂ ਨੂੰ ਉਸ ਸਮੇਂ ਦੁੱਖ ਪਹੁੰਚਿਆ ਜਦ ਠੇਕੇਦਾਰ ਵਲੋਂ ਧੜੱਲੇ ਨਾਲ ਘਟੀਆ ਮੈਟੀਰੀਅਲ ਲਾ ਕੇ ਖਾਲ ਦੀ ਉਸਾਰੀ ਕੀਤੀ ਜਾ ਰਹੀ ਹੈ। ਕਿਸਾਨਾਂ ਨੇ ਕਿਹਾ ਕਿ ਡੇਢ ਕਰੋੜ ਦੀ ਲਾਗਤ ਨਾਲ ਬਣਨ ਵਾਲੇ ਇਸ ਖਾਲ 'ਤੇ ਹੁਣ ਤੱਕ ਲਾਏ ਇਸ ਮੈਟੀਰੀਅਲ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅੱਜ ਕਿਸਾਨਾਂ ਨੇ ਸਖ਼ਤ ਰੁੱਖ ਅਪਣਾਉਂਦਿਆਂ ਠੇਕੇਦਾਰ ਦੇ ਕਰਿੰਦਿਆਂ ਨੂੰ ਕੰਮ ਕਰਨ ਤੋਂ ਰੋਕ ਦਿੱਤਾ ਹੈ, ਪਰ ਬਠਿੰਡੇ ਨਾਲ ਸਬੰਧਿਤ ਠੇਕੇਦਾਰ ਫ਼ੋਨ 'ਤੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦੇ ਰਿਹਾ ਅਤੇ ਕਹਿ ਰਿਹਾ ਹੈ, ਕਿ ਜੇ.ਈ. ਨੂੰ ਪੁੱਛ ਲਵੋ। ਖਾਲ ਦੀ ਨਿਗਰਾਨ ਕਮੇਟੀ ਨੇ ਕਿਹਾ ਕਿ 852 ਏਕੜ ਰਕਬਾ ਇਸ ਖਾਲ ਰਾਹੀਂ ਸਿੰਚਾਈ ਹੋਣਾ ਹੈ ਅਤੇ ਤਿੰਨ ਪਿੰਡਾਂ ਦੇ ਕਰੀਬ ਕਿਸਾਨਾਂ ਦੀ ਖੇਤੀ ਦਾ ਭਵਿੱਖ ਇਸ ਨਹਿਰੀ ਖਾਲ ਨਾਲ ਜੁੜਿਆ ਹੋਇਆ ਹੈ। ਕਿਸਾਨਾਂ ਨੇ ਕਿਹਾ ਕਿ ਉਹ ਕਦੇ ਵੀ ਘਟੀਆ ਮੈਟੀਰੀਅਲ ਨਾਲ ਖਾਲ ਨਹੀਂ ਬਣਨ ਦੇਣਗੇ। ਇਸ ਸਬੰਧੀ ਬਲਜੀਤ ਸਿੰਘ ਐਕਸੀਅਨ ਨੇ ਫ਼ੋਨ 'ਤੇ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ 21 ਮੈਂਬਰੀ ਕਮੇਟੀ ਨੂੰ ਵਾਰ-ਵਾਰ ਇਹੀ ਕਿਹਾ ਕਿ ਉਹ ਇਸ ਖਾਲ ਲਈ ਕੋਈ ਵੀ ਦੋ ਨੰਬਰ ਦਾ ਮੈਟੀਰੀਅਲ ਨਾ ਲੱਗਣ ਦੇਣ, ਜੇਕਰ ਇੱਟ ਮਾੜੀ ਆਉਂਦੀ ਹੈ ਤਾਂ ਰੋਕੀ ਜਾਵੇ, ਜੇਕਰ ਸੀਮਿਟ ਮਾੜਾ ਲੱਗ ਰਿਹਾ ਹੈ, ਤਾਂ ਨਾ ਲੱਗਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਘਟੀਆ ਮੈਟੀਰੀਅਲ ਨਾਲ ਬਣਿਆ ਖਾਲ ਢਾਹ ਦਿੱਤਾ ਗਿਆ ਹੈ ਅਤੇ ਠੇਕੇਦਾਰ ਸਬੰਧੀ ਵੀ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਗਿਆ ਹੈ। ਖਾਲ ਬਣਾ ਰਹੇ ਠੇਕੇਦਾਰ ਦੇ ਕਰਿੰਦਿਆਂ ਨੂੰ ਹਦਾਇਤ ਕੀਤੀ ਗਈ ਹੈ, ਕਿ ਉਹ 21 ਮੈਂਬਰੀ ਨਿਗਰਾਨ ਕਮੇਟੀ ਦੀ ਨਿਗਰਾਨੀ ਹੇਠ ਅਤੇ ਸਰਕਾਰੀ ਹਦਾਇਤਾਂ ਅਨੁਸਾਰ ਖਾਲ ਦੀ ਉਸਾਰੀ ਦਾ ਕੰਮ ਕਰੇ। ਉਨ੍ਹਾਂ ਕਿਹਾ ਕਿ ਜਿੱਥੇ ਤਕ ਕਿਸਾਨਾਂ ਨੇ ਘਟੀਆ ਮਾਲ ਨਾਲ ਬਣੇ ਖਾਲ ਦੀ ਨਿਸ਼ਾਨਦੇਹੀ ਕੀਤੀ, ਉੱਥੋਂ ਤੱਕ ਖਾਲ ਢਾਹ ਦਿੱਤਾ ਗਿਆ ਅਤੇ ਨਵਾਂ ਖਾਲ ਬਣਵਾ ਦਿੱਤਾ ਜਾਵੇਗਾ।

ਪਿੰਡ ਮੌੜਾਂ ਅਤੇ ਉੱਗੋਕੇ ਵਿਖੇ ਨਹਿਰੀ ਖਾਲ ਬਣਾਉਣ ਸਮੇਂ ਵਰਤੇ ਜਾ ਰਹੇ ਘਟੀਆ ਮਟੀਰੀਅਲ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨ। ਤਸਵੀਰ : ਸੁਰੇਸ਼ ਗੋਗੀ

ਖੁਸ਼ਪ੍ਰੀਤ ਸਿੰਘ ਨੂੰ ਨਿਯੁਕਤੀ ਪੱਤਰ ਦਿੰਦੇ ਹੋਏ ਬੀਬੀ ਸੁਖਜੀਤ ਕੌਰ ਸੁੱਖੀ, ਅਰੁਣ ਪ੍ਰਤਾਪ ਸਿੰਘ ਢਿੱਲੋਂ ਤੇ ਹੋਰ। ਅਜੀਤ ਤਸਵੀਰ

ਯੂਥ ਕਾਂਗਰਸ ਵਲੋਂ ਵਾਰਡ ਨੰ: 5 ਦੇ ਖੁਸ਼ਪ੍ਰੀਤ ਸਿੰਘ ਪ੍ਰਧਾਨ ਨਿਯੁਕਤ

ਬਰਨਾਲਾ, 19 ਅਕਤੂਬਰ (ਰਾਜ ਪਨੇਸਰ)-ਪੰਜਾਬ ਯੂਥ ਕਾਂਗਰਸ ਦੇ ਸੂਬਾ ਪ੍ਰਧਾਨ ਮੋਹਿਤ ਮਹਿੰਦਰਾ ਵਲੋਂ ਵਾਰਡ ਨੰ: 5 ਦੇ ਪ੍ਰਧਾਨ ਲਾਇਆ ਗਿਆ। ਜਾਣਕਾਰੀ ਦਿੰਦਿਆਂ ਮਹਿਲਾ ਕਾਂਗਰਸ ਦੀ ਸੂਬਾ ਮੀਤ ਪ੍ਰਧਾਨ ਬੀਬੀ ਸੁਖਜੀਤ ਕੌਰ ਸੁੱਖੀ ਨੇ ਦੱਸਿਆ ਕਿ ਕਾਂਗਰਸ ਇਕ ਅਜਿਹੀ ਪਾਰਟੀ ਹੈ ਜਿਸ ਨੇ ਪੰਜਾਬ ਅਤੇ ਦੇਸ਼ 'ਤੇ ਲੰਬਾ ਸਮਾਂ ਰਾਜ ਕੀਤਾ ਜੋ ਹਰੇਕ ਵਰਕਰ ਦੀ ਨਵਜ ਪਛਾਣਦੀ ਹੈ। ਹਰੇਕ ਵਰਕਰ ਨੂੰ ਬਣਦਾ ਮਾਣ ਸਨਮਾਨ ਦਿੰਦੀ ਹੈ। ਪੰਜਾਬ ਯੂਥ ਦੇ ਸੂਬਾ ਪ੍ਰਧਾਨ ਸ੍ਰੀ ਮੋਹਿਤ ਮਹਿੰਦਰਾ ਵਲੋਂ ਖੁਸ਼ਪ੍ਰੀਤ ਸਿੰਘ ਨੂੰ ਵਾਰਡ ਨੰ: 5 ਦਾ ਪ੍ਰਧਾਨ ਲਾਇਆ ਗਿਆ ਹੈ। ਨਿਯੁਕਤੀ ਪੱਤਰ ਲੈਣ ਸਮੇਂ ਖੁਸ਼ਪ੍ਰੀਤ ਸਿੰਘ ਨੇ ਕਿਹਾ ਕਿ ਸਮਾਂ ਯੂਥ ਕਾਂਗਰਸ ਪਾ ਹੈ। ਜੋ ਆਉਣ ਵਾਲੀਆਂ 2027 ਦੀਆਂ ਚੋਣਾਂ ਵਿਚ ਜ਼ਮੀਨ ਅਸਮਾਨ ਇਕ ਕਰ ਦੇਣਗੇ ਅਤੇ ਪੰਜਾਬ ਦੀ ਵਾਂਗਡੋਰ ਇਕ ਵਾਰ ਫਿਰ ਕਾਂਗਰਸ ਪਾਰਟੀ ਦੇ ਹੱਥ ਹੋਵੇਗੀ। ਇਸ ਮੌਕੇ ਯੂਥ ਕਾਂਗਰਸ ਦੇ ਸੂਬਾ ਜਨਰਲ ਸਕੱਤਰ ਅਰੁਣ ਪ੍ਰਤਾਪ ਸਿੰਘ ਢਿੱਲੋਂ, ਪ੍ਰਗਟ ਸਿੰਘ ਵਰਮਾ, ਮਨੀ ਗੋਇਲ, ਜੋਤ ਵੜੈਚ, ਕਰਨਵੀਰ ਸਿੰਘ, ਖੁਸ਼ਪ੍ਰੀਤ ਸਿੰਘ ਬਿੱਟੂ, ਅਮਨਦੀਪ ਸ਼ਰਮਾ, ਜਸ਼ਨਦੀਪ ਸਿੰਘ ਰੰਗੀ, ਜਸ਼ਨ ਅਰੋੜਾ, ਸੁਖਦੀਪ ਸਿੰਘ ਪੰਡਤ, ਇੰਦਰਪ੍ਰੀਤ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿਚ ਯੂਥ ਆਗੂ ਹਾਜ਼ਰ ਸਨ।

ਮੀਂਹ ਕਾਰਨ ਘਰਾਂ ਅਤੇ ਖੇਤਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਹੋਇਆ ਮਨਜ਼ੂਰ - ਭਗਤਪੁਰਾ

ਸ਼ਹਿਣਾ, 19 ਅਕਤੂਬਰ (ਪ. ਪ.)-ਪਿਛਲੇ ਸਮੇਂ ਦੌਰਾਨ ਹਲਕਾ ਭਦੌੜ ਦੇ ਪਿੰਡਾਂ ਵਿਚ ਖੇਤਾਂ ਅਤੇ ਘਰਾਂ ਦਾ ਜੋ ਨੁਕਸਾਨ ਹੋਇਆ, ਉਸ ਦਾ ਮੁਆਵਜ਼ਾ ਸਰਕਾਰ ਵਲੋਂ ਕਰੋੜਾਂ ਰੁਪਏ ਮਨਜ਼ੂਰ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਲਵਦੀਪ ਸਿੰਘ ਭਗਤਪੁਰਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਨੇ ਕਿਹਾ ਕਿ ਭਾਵੇਂ ਭਦੌੜ ਹਲਕੇ ਵਿਚ ਫ਼ਸਲਾਂ ਦਾ ਨੁਕਸਾਨ ਮੀਂਹ ਕਾਰਨ ਘੱਟ ਹੋਇਆ, ਪਰ ਲੋਕਾਂ ਦੇ ਘਰਾਂ ਦਾ ਨੁਕਸਾਨ ਕਾਫੀ ਹੋਇਆ ਸੀ। ਹਲਕਾ ਵਿਧਾਇਕ ਲਾਭ ਸਿੰਘ ਉੱਗੋਕੇ ਦੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਪੜਤਾਲੀਆ ਟੀਮਾਂ ਨੇ ਦੋ ਹਫ਼ਤਿਆਂ ਵਿਚ ਹੋਏ ਨੁਕਸਾਨ ਦੀ ਰਿਪੋਰਟ ਸਰਕਾਰ ਤੱਕ ਪਹੁੰਚਾਈ, ਉਕਤ ਰਿਪੋਰਟਾਂ ਦੇ ਆਧਾਰ 'ਤੇ ਸਰਕਾਰ ਵਲੋਂ ਜੋ ਮੁਆਵਜ਼ਾ ਪਾਸ ਕੀਤਾ ਗਿਆ ਹੈ, ਉਹ ਪ੍ਰਸ਼ਾਸਨ ਵਲੋਂ ਹਲਕਾ ਵਿਧਾਇਕ ਲਾਭ ਸਿੰਘ ਦੀ ਅਗਵਾਈ ਵਿਚ ਛੇਤੀ ਹੀ ਵੰਡਿਆ ਜਾ ਰਿਹਾ ਹੈ।

ਦੀਵਾਲੀ ਦੇ ਤਿਉਹਾਰ ਨੂੰ ਲੈ ਕੇ ਬਾਜ਼ਾਰਾਂ 'ਚ ਲੱਗੀਆਂ ਰੌਣਕਾਂ, ਸਜੇ ਬਾਜ਼ਾਰ

ਤਪਾ ਮੰਡੀ, 19 ਅਕਤੂਬਰ (ਪ੍ਰਵੀਨ ਗਰਗ)-ਦੀਵਾਲੀ ਤੋਂ ਪਹਿਲਾਂ ਜਿੱਥੇ ਧਨਤੇਰਸ ਤਿਉਹਾਰ ਦੇ ਸ਼ੁੱਭ ਮੌਕੇ ਦੁਕਾਨਦਾਰਾਂ ਵਲੋਂ ਬਾਖੂਬੀ ਢੰਗ ਨਾਲ ਬਾਜ਼ਾਰ ਸਜਾਏ ਗਏ, ਉੱਥੇ ਦੀਵਾਲੀ ਦੇ ਤਿਉਹਾਰ ਨੂੰ ਲੈ ਕੇ ਬਾਜ਼ਾਰਾਂ 'ਚ ਖ਼ੂਬ ਰੌਣਕਾਂ ਦੇਖਣ ਨੂੰ ਮਿਲੀਆਂ ਅਤੇ ਦੁਕਾਨਦਾਰਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਦੀ ਝਲਕ ਦੇਖਣ ਨੂੰ ਮਿਲੀ, ਕਿਉਂਕਿ ਵੱਖ-ਵੱਖ ਵਪਾਰ ਨਾਲ ਸਬੰਧਿਤ ਦੁਕਾਨਾਂ 'ਤੇ ਗਾਹਕਾਂ ਦੀ ਭੀੜ ਉਮੜੀ ਹੋਈ ਸੀ ਅਤੇ ਲੋਕ ਆਪਣੀਆਂ ਜ਼ਰੂਰਤ ਦੀਆਂ ਸਬੰਧਿਤ ਲੋੜੀਂਦੀਆਂ ਚੀਜ਼ਾਂ ਦੀ ਖ਼ਰੀਦਦਾਰੀ ਕਰ ਰਹੇ ਸਨ। ਸ਼ਹਿਰ ਦੇ ਸਦਰ ਬਾਜ਼ਾਰ 'ਚ ਇਕ ਪਾਸੇ ਖ਼ੂਬ ਚਹਿਲ ਪਹਿਲ ਸੀ। ਦੀਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਡੀ. ਐਸ. ਪੀ. ਗੁਰਬਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪੁਲਿਸ ਵਲੋਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਹਨ ਅਤੇ ਨਾਲ ਹੀ ਪੈਟਰੋਲਿੰਗ ਕਰ ਕੇ ਸਮਾਜ ਵਿਰੋਧੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਹੋਈ ਹੈ। ਗੱਲਬਾਤ ਦੌਰਾਨ ਡੀ.ਐਸ.ਪੀ. ਗੁਰਬਿੰਦਰ ਸਿੰਘ ਨੇ ਕਿਹਾ ਕਿ ਸ਼ਹਿਰ ਵਾਸੀ ਬਿਨਾਂ ਕਿਸੇ ਡਰ ਭੈਅ ਤੋਂ ਦੀਵਾਲੀ ਦਾ ਤਿਉਹਾਰ ਧੂਮਧਾਮ ਨਾਲ ਮਨਾਉਣ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਅਗਰ ਸ਼ਹਿਰ 'ਚ ਕਿਤੇ ਵੀ ਕੋਈ ਅਣਸੁਖਾਂਵੀ ਘਟਨਾ ਵਾਪਰਦੀ ਹੈ ਤਾਂ ਉਸ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ।

ਦੀਵਾਲੀ ਦੇ ਤਿਉਹਾਰ ਮੌਕੇ ਸਜੇ ਹੋਏ ਬਾਜ਼ਾਰ। ਤਸਵੀਰ : ਪ੍ਰਵੀਨ ਗਰਗ

ਤਿੰਨ ਰੋਜ਼ਾ ਧਾਰਮਿਕ ਸਮਾਗਮ ਅੱਜ ਤੋਂ

ਮਹਿਲ ਕਲਾਂ, 19 ਅਕਤੂਬਰ (ਅਣਖੀ)-ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ (ਬਰਨਾਲਾ) ਵਿਖੇ ਸਮੂਹ ਰਾਮਗੜ੍ਹੀਆ ਭਾਈਚਾਰੇ ਵਲੋਂ ਲੋਕਲ ਗੁਰਦੁਆਰਾ ਸਾਹਿਬ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਬਾਬਾ ਵਿਸ਼ਵਕਰਮਾ ਅਤੇ ਕਿਰਤੀ ਭਾਈ ਲਾਲੋ ਦੀ ਮਿੱਠੀ ਯਾਦ 'ਚ ਤਿੰਨ ਰੋਜ਼ਾ ਧਾਰਮਿਕ ਸਮਾਗਮ 20 ਤੋਂ 22 ਅਕਤੂਬਰ ਤੱਕ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਸਬੰਧੀ 20 ਅਕਤੂਬਰ, ਸੋਮਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਆਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 22 ਅਕਤੂਬਰ, ਬੁੱਧਵਾਰ ਨੂੰ ਸਵੇਰੇ ਸਾਢੇ 6 ਵਜੇ ਪਾਏ ਜਾਣਗੇ। ਇਸ ਸਮਾਗਮ ਸਮੇਂ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਹ ਧਾਰਮਿਕ ਸਮਾਗਮ ਸਮੇਂ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚਣ ਦੀ ਅਪੀਲ ਕੀਤੀ ਹੈ।

'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

ਬਰਨਾਲਾ

ਸ. ਗੁਰਪ੍ਰੀਤ ਸਿੰਘ ਲਾਡੀ	92176-02324
ਕੋਰਟ ਚੌਂਕ	01679-501751

ਸਮੂਹ ਸੰਗਤ ਨੂੰ
ਬੰਦੀ ਛੋੜ ਦਿਵਸ
ਅਤੇ
ਦੀਵਾਲੀ
ਦੀ ਲੱਖ-ਲੱਖ ਵਧਾਈ

ਹਰਮੀਤ ਸਿੰਘ ਕਾਲਕਾ
ਪ੍ਰਧਾਨ
ਜਗਦੀਪ ਸਿੰਘ ਕਾਹਲੋਂ
ਜਨਰਲ ਸਕੱਤਰ
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

vedanta transforming for good | power

ਹਰ ਚਮਕਦੇ ਪਲ ਦੀ ਕਿਰਨ

ਪੰਜਾਬ ਦਾ ਸਭ ਤੋਂ ਵੱਡਾ ਸੁਪਰਕ੍ਰਿਟੀਕਲ ਥਰਮਲ ਪਾਵਰ ਪਲਾਂਟ **ਤਲਵੰਡੀ ਸਾਬੋ ਪਾਵਰ ਲਿਮਟਿਡ** ਜੋ ਰਾਜ ਨੂੰ ਰੌਸ਼ਨ ਰੱਖਦਾ ਹੈ, ਇਹ ਸੁਨਿਸ਼ਚਿਤ ਕਰਦਾ ਹੈ ਕਿ ਘਰ, ਹਸਪਤਾਲ ਅਤੇ ਸਮਾਜ ਕਦੇ ਵੀ ਬਿਨਾਂ ਰੌਸ਼ਨੀ ਤੋਂ ਨਾ ਰਹੇ।

ਸਾਡੇ ਲਈ ਸ਼ਕਤੀ ਬਿਜਲੀ ਨਾਲੋਂ ਵਧੇਰੇ ਮਹੱਤਵਪੂਰਨ ਹੈ। ਇਹ ਸ਼ਕਤੀ ਮੌਕੇ ਅਤੇ ਦੇਖਭਾਲ ਦੀ ਕਿਰਨ ਹੈ ਜੋ ਹਰ ਕਿਸਾਨ, ਔਰਤ, ਨੌਜਵਾਨ ਅਤੇ ਸਮਾਜ ਤੱਕ ਪਹੁੰਚਦੀ ਹੈ ਜਿਸਦੀ ਅਸੀਂ ਸੇਵਾ ਕਰਦੇ ਹਾਂ।

ਹਰ ਰੌਸ਼ਨ ਕੱਲ ਦੇ ਪਿੱਛੇ ਇਹੀ ਸ਼ਕਤੀ ਹੈ।

ਤਲਵੰਡੀ ਸਾਬੋ ਪਾਵਰ ਪਲਾਂਟ ਨੇ ਕੀਤੀ ਬਿਜਲੀ ਦੀ ਖ਼ੂਬ ਪੈਦਾਵਾਰ, ਤਰੱਕੀ ਕਰ ਗਿਆ ਹਰ ਪਰਿਵਾਰ।



#LightBehindTheBright

ਤਲਵੰਡੀ ਸਾਬੋ ਪਾਵਰ ਲਿਮਟਿਡ (1980 ਮੈਗਾਵਾਟ)
ਜ਼ਿਲ੍ਹਾ ਮਾਨਸਾ, ਪੰਜਾਬ

ਮੀਨਾਕਸ਼ੀ ਐਨਰਜੀ ਲਿਮਟਿਡ (1000 ਮੈਗਾਵਾਟ) ਜ਼ਿਲ੍ਹਾ ਤਿਰੁਪਤੀ, ਆਂਧਰਾ ਪ੍ਰਦੇਸ਼
ਵੇਦਾਂਤਾ ਝਾਰਸੁਗੁਡਾ ਆਈ ਪਾਵਰ ਪਲਾਂਟ (600 ਮੈਗਾਵਾਟ) ਝਾਰਸੁਗੁਡਾ ਜ਼ਿਲ੍ਹਾ, ਉੜੀਸਾ
ਵੇਦਾਂਤਾ ਲਿਮਟਿਡ ਵੇਦਾਂਤਾ ਲਿਮਟਿਡ ਛੱਤੀਸਗੜ੍ਹ ਥਰਮਲ ਪਾਵਰ ਪਲਾਂਟ (1200 ਮੈਗਾਵਾਟ) ਜ਼ਿਲ੍ਹਾ ਸਕਤੀ, ਛੱਤੀਸਗੜ੍ਹ